# PACE ਕਰਜ਼ ਕੀ ਹੈ?

ਪ੍ਰੋਪਰਟੀ-ਅਸੈਸਡ ਕਲੀਨ ਐਨਰਜੀ (Property-Assessed Clean Energy, PACE) ਕਰਜ਼ੇ, ਘਰਾਂ ਦੇ ਮਾਲਕਾਂ ਨੂੰ ਆਪਣੇ ਘਰਾਂ ਵਿਚ ਊਰਜਾ-ਕੁਸ਼ਲ ਸੁਧਾਰਾਂ, ਜਿਵੇਂ ਕਿ ਸੋਲਰ ਪੈਨਲ ਅਤੇ ਏਅਰ ਕੰਡੀਸ਼ਨਰਾਂ, ਲਈ ਫਾਇਨੈਂਸ ਵਿਚ ਮਦਦ ਕਰਨ ਲਈ ਹਨ। PACE ਕਰਜ਼ੇ ਰੀਨਿਊ ਫਾਈਨਾਨਸ਼ਿਅਲ, PACE ਫੰਡਿੰਗ ਗਰੁੱਪ (Renew Financial, PACE Funding Group) (ਇਸਨੂੰ ਹੋਮ ਰਨ ਫਾਇਨਾਨਸਿੰਗ ਵੱਜੋਂ ਵੀ ਜਾਣਿਆ ਜਾਂਦਾ ਹੈ) ਅਤੇ FortiFi ਦੁਆਰਾ ਪੇਸ਼ ਕੀਤੇ ਜਾਂਦੇ ਹਨ। ਪਹਿਲਾਂ ਇਹ Ygrene ਅਤੇ WRCOG/HERO ਦੁਆਰਾ ਪੇਸ਼ ਕੀਤੇ ਜਾਂਦੇ ਸਨ। ਕਰਜ਼ਿਆਂ ਦਾ ਪ੍ਰਚਾਰ ਕਰਨ ਅਤੇ ਉਨ੍ਹਾਂ ਦੇ ਢਾਂਚੇ ਨਾਲ ਸੰਬੰਧਤ ਵਿਆਪਕ ਮੁੱਦਿਆਂ ਨੇ ਕੈਲੀਫੋਰਨੀਆਂ ਦੇ ਕਈ ਘਰ ਮਾਲਕਾਂ ਲਈ ਗੰਭੀਰ ਸਮੱਸਿਆਵਾਂ ਪੈਦਾ ਕੀਤੀਆਂ ਹਨ। ਇਨ੍ਹਾਂ ਨੂੰ ਇਕ ਲਾਇਅਨ (ਹੱਕ-ਰਖਾਈ) ਰਾਹੀਂ ਸੁਰੱਖਿਅਤ ਕੀਤਾ ਜਾਂਦਾ ਹੈ ਅਤੇ ਘਰ ਦੇ ਮਾਲਕ ਦੇ ਪ੍ਰਾਪਰਟੀ ਟੈਕਸ ਭੁਗਤਾਨਾਂ ਵਿਚ ਸ਼ਾਮਲ ਕੀਤਾ ਜਾਂਦਾ ਹੈ। ਇਕ PACE ਕਰਜ਼ ਨੂੰ ਇਕ ਮੌਜੂਦਾ ਲਾਇਅਨ ਦੇ ਉੱਪਰ ਪ੍ਰਾਥਮਿਕਤਾ ਮਿਲਦੀ ਹੈ, ਇਸ ਕਰਕੇ ਜੇ ਤੁਸੀਂ ਇਸਦਾ ਭੁਗਤਾਨ ਨਹੀਂ ਕਰਦੇ ਹੋ ਤਾਂ ਤੁਸੀਂ ਆਪਣੇ ਘਰ ਨੂੰ ਗੁਆ ਦੇਣ ਦੇ ਜੋਖਮ 'ਤੇ ਹੁੰਦੇ ਹੋ।

## ਜਦੋਂ ਤੁਸੀਂ ਇਕ PACE ਕਰਜ਼ ਬਾਰੇ ਵਿਚਾਰ ਕਰ ਰਹੇ ਹੋਵੋ ਤਾਂ ਕਿਹੜੀਆਂ ਗੱਲਾਂ ਨੂੰ ਧਿਆਨ ਵਿਚ ਰੱਖਿਆ ਜਾਵੇ:

ਅਕਸਰ PACE ਕਰਜ਼ਿਆਂ ਨਾਲੋਂ ਸਸਤੇ ਅਤੇ ਘੱਟ ਜੋਖਮ ਵਾਲੇ ਵਿਕਲਪ ਮੌਜੂਦ ਹੁੰਦੇ ਹਨ। ਤੁਲਨਾਤਮਕ ਰੂਪ ਵਿਚ ਭੁਗਤਾਨ ਕਰਨ ਵਿੱਚ ਉਕਾਈ ਦੇ ਘੱਟ ਜੋਖਮ ਵਾਲੇ ਕਰਜ਼ਿਆਂ ਦੇ ਮੁਕਾਬਲੇ PACE ਕਰਜ਼ਿਆਂ ਦੀਆਂ ਵਿਆਜ ਦਰਾਂ ਆਮ ਤੌਰ 'ਤੇ ਜ਼ਿਆਦਾ ਹੁੰਦੀਆਂ ਹਨ। ਤੁਹਾਨੂੰ PACE ਕਰਜ਼ ਦੇ ਨਾਲ ਅੱਗੇ ਵੱਧਣ ਤੋਂ ਪਹਿਲਾਂ ਉਨ੍ਹਾਂ ਵਿਕਲਪਾਂ ਦੀ ਜਾਂਚ ਕਰਨੀ ਚਾਹੀਦੀ ਹੈ ਜੋ ਤੁਹਾਡੇ ਘਰ ਨੂੰ ਜੋਖਮ 'ਤੇ ਨਹੀਂ ਪਾਉਂਦੇ ਹਨ, ਜਿਵੇਂ ਕਿ ਪਰੰਪਰਾਗਤ ਘਰ ਵਿਚ ਸੁਧਾਰ ਦੇ ਕਰਜ਼ ਜਾਂ ਸਟੇਟ ਵੈਦਰਾਈਜੇਸ਼ਨ ਪ੍ਰੋਗਰਾਮ। ਹੋ ਸਕਦਾ ਹੈ ਕਿ ਤੁਹਾਡੀ ਸੰਪਤੀ ਰਿਹਾਇਸ਼ੀ ਊਰਜਾ ਕੁਸ਼ਲਤਾ ਕਰਜ਼ (Residential Energy Efficiency Loan, REEL) ਦੇ ਲਈ ਪਾਤਰ ਹੋਵੇ, ਇਹ ਤੁਹਾਡੀ ਸੰਪਤੀ ਉੱਪਰ ਲਾਇਅਨ ਨਹੀਂ ਲਗਾਉਂਦਾ ਹੈ।

# ਸਾਡੇ ਬਾਰੇ

ਹਾਊਸਿੰਗ ਐਂਡ ਇਕਨਾਮਿਕ ਰਾਇਟਸ ਐਡਵੋਕੇਟਸ (Housing and Economic Rights Advocates, HERA) ਇਕ ਗੈਰ-ਮੁਨਾਫ਼ਾਕਾਰੀ ਕਾਨੂੰਨੀ ਸੇਵਾਵਾਂ ਦੇਣ ਵਾਲਾ ਸੰਗਠਨ ਹੈ ਜੋ ਉਪਭੋਗਤਾ ਕਰਜ਼ ਅਤੇ ਕ੍ਰੈਡਿਟ ਦੇ ਮੁੱਦਿਆਂ ਵਿਚ ਵਿਅਕਤੀਆਂ ਅਤੇ ਪਰਿਵਾਰਾਂ ਦੀ ਸਹਾਇਤਾ ਕਰਨ ਲਈ ਸਮਰਪਿਤ ਹੈ। HERA ਤੁਹਾਡੇ ਘਰ ਵਿੱਚ ਸੁਧਾਰ ਲਈ ਫਾਇਨੈਂਸ ਦੇ ਵਿਕਲਪਾਂ ਦੀ ਸਮੀਖਿਆ ਕਰਨ ਅਤੇ ਇਨ੍ਹਾਂ ਨੂੰ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਉਪਲਬਧ ਹੈ। ਵਿੱਤ ਅਤੇ PACE ਕਰਜ਼ਿਆਂ ਨਾਲ ਸੰਬੰਧਤ ਕਿਸੇ ਤਰ੍ਹਾਂ ਦੇ ਮੁੱਦਿਆਂ ਬਾਰੇ HERA ਨਾਲ ਸੰਪਰਕ ਕਰਨ ਲਈ ਕੋਈ ਝਿਜਕ ਮਹਿਸੂਸ ਨਾ ਕਰੋ।

# ਸਾਡੇ ਨਾਲ ਸੰਪਰਕ ਕਰੋ


**(510) 271-8443 Ext. 300**
**www.heraca.org**

**P.O. Box 29435**
**Oakland, CA 94604**

**inquiries@heraca.org**
**www.heraca.org**


HERA

housing and
economic
rights advocates

# ਘਰ ਵਿੱਚ ਊਰਜਾ ਸੁਧਾਰ ਲਈ ਕਰਜ਼ੇ ਅਤੇ PACE ਕਰਜ਼ੇ



ਘਰ ਦੇ ਉਰਜਾ ਅਪਗ੍ਰੇਡਾਂ ਨੂੰ ਫਾਇਨਾਂਸ ਕਰਨ ਦੇ ਵਧੀਆ ਤਰੀਕੇ, ਵਧੇਰੇ ਜਾਣਕਾਰੀ ਇੱਥੇ ਦੇਖੋ:

**gogreenfinancing.com/residential**

ਹੋਰ ਵਿਕਲਪ, ਖਾਸ ਤੌਰ 'ਤੇ ਸੋਲਰ ਪੈਨਲਾਂ ਲਈ, ਆਨਲਾਈਨ ਉਪਲਬਧ ਕੈਲੀਫ਼ੋਰਨੀਆ ਸੋਲਰ ਕੰਜ਼ਿਊਮਰ ਪ੍ਰੋਟੈਕਸ਼ਨ ਗਾਇਡ ਵਿਚ ਵਰਣਨ ਕੀਤੇ ਗਏ ਹਨ:

**cpuc.ca.gov › solarguide22_011922**

## ਵਿਕਰੀ ਦੇ ਗੁੰਮਰਾਹਕੁੰਨ ਪ੍ਰਚਾਰਾਂ ਤੋਂ ਸੁਚੇਤ ਰਹੋ।

ਘਰ-ਘਰ ਜਾ ਕੇ ਵਿਕਰੀ ਕਰਨ ਵਾਲੇ ਵਿਕਰੀ ਕਾਮੇ ਅਤੇ ਟੈਲੀਮਾਰਕੀਟਿੰਗ ਕਰਨ ਵਾਲੇ ਤੁਹਾਨੂੰ ਟੈਕਸ ਰਿਫੰਡ ਦੇ ਵਾਅਦਿਆਂ ਨਾਲ ਵਰਗਲਾ ਸਕਦੇ ਹਨ ਅਤੇ ਹੋ ਸਕਦਾ ਹੈ ਕਿ ਉਹ ਇਹ ਨਾ ਦੱਸਣ ਕਿ ਇਸ ਕੰਮ ਨੂੰ ਇਕ PACE ਕਰਜ਼ ਦੁਆਰਾ ਫਾਇਨਾਂਸ ਕੀਤਾ ਜਾਵੇਗਾ। ਕਿਸੇ ਵੀ ਕਾਗਜ਼ੀ ਕੰਮ ਉੱਪਰ ਦਸਤਖ਼ਤ ਕਰਨ ਤੋਂ ਪਹਿਲਾਂ ਆਪਣੀ ਮੁੱਢਲੀ ਭਾਸ਼ਾ ਵਿਚ ਫਾਇਨਾਂਸ ਦੀਆਂ ਸ਼ਰਤਾਂ ਦੇ ਸੰਪੂਰਨ ਲਿਖਤੀ ਖੁਲਾਸੇ ਦੀ ਮੰਗ ਕਰਨਾ ਯਕੀਨੀ ਬਣਾਓ। ਇਹ ਯਕੀਨੀ ਬਣਾਓ ਕਿ ਕਿਸੇ ਕਰਜ਼ ਲਈ ਸਹਿਮਤ ਹੋਣ ਤੋਂ ਪਹਿਲਾਂ ਤੁਸੀਂ ਵਿਆਜ ਦੀ ਦਰ, ਫਾਇਨਾਂਸ ਕੀਤੀ ਗਈ ਰਕਮ, ਭੁਗਤਾਨ ਕੀਤੀ ਜਾਣ ਵਾਲੀ ਕੁੱਲ ਰਕਮ, ਅਤੇ ਮਹੀਨੇਵਾਰ ਭੁਗਤਾਨਾਂ ਦੀ ਰਕਮ (ਜਾਂ PACE ਕਰਜ਼ਿਆਂ ਦੇ ਕੇਸ ਵਿਚ ਪ੍ਰਾਪਰਟੀ ਟੈਕਸ ਵਿੱਚ ਵਾਧੇ) ਸਮੇਤ ਕਰਜ਼ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਸ਼ਰਤਾਂ ਜਾਣਦੇ ਹੋ। ਭਾਵੇਂ ਤੁਸੀਂ ਦਸਤਾਵੇਜ਼ਾਂ ਉੱਪਰ ਇਲੈਕਟ੍ਰਾਨਿਕ ਰੂਪ ਵਿਚ ਦਸਤਖਤ ਕਰ ਰਹੇ ਹੋਵੋ, ਤੁਸੀਂ ਤਾਂ ਵੀ ਸਮੀਖਿਆ ਲਈ ਦਸਤੀ ਕਾਪੀਆਂ ਦੀ ਮੰਗ ਕਰਨ ਦੇ ਹੱਕਦਾਰ ਹੋ।

## PACE ਕਰਜ਼ ਦਾ ਵਾਪਸੀ ਭੁਗਤਾਨ ਕਰਨ ਵਿਚ ਅਸਫ਼ਲ ਰਹਿਣ 'ਤੇ ਫੋਰਕਲੋਜ਼ਰ (ਗਿਰਵੀ ਰੱਖੀ ਜਾਇਦਾਦ 'ਤੇ ਕਬਜ਼ਾ ਕਰਨ ਦੀ ਕਾਰਵਾਈ) ਹੋ ਸਕਦੀ ਹੈ।

PACE ਕਰਜ਼ ਤੁਹਾਡੇ ਸਲਾਨਾ ਪ੍ਰਾਪਰਟੀ ਟੈਕਸਾਂ ਨੂੰ ਹਜ਼ਾਰਾਂ ਡਾਲਰ ਵਧਾ ਸਕਦੇ ਹਨ। ਆਪਣੇ ਟੈਕਸਾਂ ਦਾ ਭੁਗਤਾਨ ਕਰਨ ਵਿਚ ਅਸਫ਼ਲਤਾ ਕਾਰਨ ਪੰਜ ਸਾਲ ਦੇ ਬਾਅਦ ਤੁਹਾਡੇ ਘਰ ਦੀ ਜ਼ਬਰਦਸਤੀ ਵਿਕਰੀ ਕੀਤੀ ਜਾ ਸਕਦੀ ਹੈ। ਕੁਝ ਕਰਜ਼ਧਾਰਕ ਆਪਣੀ ਮਹੀਨੇਵਾਰ ਮਾਰਗੇਜ ਭੁਗਤਾਨ ਦੇ ਹਿੱਸੇ ਵੱਜੋਂ ਆਪਣੇ ਪ੍ਰਾਪਰਟੀ ਟੈਕਸਾਂ ਦਾ ਭੁਗਤਾਨ ਕਰਦੇ ਹਨ।

ਇਕ PACE ਕਰਜ਼ ਤੁਹਾਡੇ ਮਹੀਨੇਵਾਰ ਮਾਰਗੇਜ ਨੂੰ ਸੈਂਕੜੇ ਡਾਲਰਾਂ ਤੱਕ ਵਧਾ ਸਕਦਾ ਹੈ। ਜੇ ਤੁਸੀਂ ਭੁਗਤਾਨ ਨਹੀਂ ਕਰ ਸਕਦੇ ਹੋ ਅਤੇ ਪਿੱਛੇ ਰਹਿ ਜਾਂਦੇ ਹੋ ਤਾਂ ਤੁਹਾਡਾ ਕਰਜ਼ਦਾਤਾ ਫੋਰਕਲੋਜ਼ (ਗਿਰਵੀ ਰੱਖੀ ਜਾਇਦਾਦ 'ਤੇ ਕਬਜ਼ਾ ਕਰਨ ਦੀ ਕਾਰਵਾਈ) ਕਰ ਸਕਦਾ ਹੈ।

## PACE ਕਰਜ਼ੇ ਘਰ ਦੀ ਵਿਕਰੀ ਅਤੇ ਮੁੜ-ਫਾਇਨਾਂਸ ਪ੍ਰਾਪਤੀ ਵਿਚ ਦਖ਼ਲ ਦੇ ਸਕਦੇ ਹਨ।

ਕਈਂ ਕਰਜ਼ਦਾਤਾ ਤੁਹਾਨੂੰ ਉਸ ਸਮੇਂ ਤੱਕ ਘਰ ਵੇਚਣ ਜਾਂ ਮੁੜ-ਫਾਇਨਾਂਸ ਪ੍ਰਾਪਤ ਨਹੀਂ ਕਰਨ ਦੇਣਗੇ ਜਦੋਂ ਤੱਕ ਤੁਸੀਂ ਪੂਰਾ PACE ਕਰਜ਼ ਵਾਪਸ ਭੁਗਤਾਨ ਨਹੀਂ ਕਰ ਦਿੰਦੇ।

## ਤੁਹਾਨੂੰ ਉਸ ਠੇਕੇਦਾਰ ਨੂੰ ਕੰਮ 'ਤੇ ਲਗਾਉਣ ਦੀ ਜ਼ਰੂਰਤ ਨਹੀਂ ਹੈ ਜਿਸਨੇ ਤੁਹਾਨੂੰ PACE ਪ੍ਰੋਗਰਾਮ ਬਾਰੇ ਦੱਸਿਆ ਸੀ।

PACE ਪ੍ਰੋਗਰਾਮ ਘਰ ਵਿਚ ਸੁਧਾਰ ਕਰਨ ਵਾਲੇ ਠੇਕੇਦਾਰਾਂ ਨੂੰ ਕਰਜ਼ ਵੇਚਣ ਵਾਲੇ ਕਾਮਿਆਂ ਵੱਜੋਂ ਵਰਤੋਂ ਕਰਦੇ ਹਨ।
ਇਕ ਠੇਕੇਦਾਰ ਜੋ ਤੁਹਾਨੂੰ PACE ਕਰਜ਼ ਬਾਰੇ ਦੱਸਦਾ ਹੈ ਸ਼ਾਇਦ ਤੁਹਾਨੂੰ ਇਹ ਨਾ ਦੱਸੇ ਕਿ ਤੁਸੀਂ ਊਰਜਾ-ਕੁਸ਼ਲ ਉਪਕਰਣਾਂ ਨੂੰ ਲਗਾਉਣ ਲਈ ਕਿਸੇ ਹੋਰ ਨੂੰ ਕੰਮ ਤੇ ਲਗਾ ਸਕਦੇ ਹੋ। ਤੁਹਾਨੂੰ ਵਧੀਆ ਠੇਕੇਦਾਰਾਂ ਦੇ ਹਵਾਲਿਆਂ ਲਈ ਗੁਆਂਢੀਆਂ, ਪਰਿਵਾਰ ਅਤੇ ਦੋਸਤਾਂ ਕੋਲੋਂ ਪਤਾ ਕਰਨਾ ਚਾਹੀਦਾ ਹੈ, ਜਾਂ ਠੇਕੇਦਾਰਾਂ ਤੋਂ ਹਵਾਲੇ ਮੰਗੋ ਅਤੇ ਉਨ੍ਹਾਂ ਦੁਆਰਾ ਦੂਜੇ ਘਰਾਂ ਵਿਚ ਕੀਤੇ ਕੰਮ ਦੀ ਸਮੀਖਿਆ ਕਰੋ। ਯਾਦ ਰੱਖੋ ਕਿ ਤੁਹਾਡੇ ਕੋਲ ਵਿਕਲਪ ਹਨ ਅਤੇ ਤੁਸੀਂ ਠੇਕੇਦਾਰ ਦੀ ਚੋਣ ਕਰ ਸਕਦੇ ਹੋ, ਨਾਲ ਦੀ ਨਾਲ ਤੁਹਾਡੇ ਕੋਲ ਕੰਮ ਦਾ ਭੁਗਤਾਨ ਕਰਨ ਦੇ ਹੋਰ ਵਿਕਲਪ ਵੀ ਹਨ।

## ਹਮੇਸ਼ਾਂ ਇਹ ਯਕੀਨੀ ਬਣਾਓ ਕਿ ਜਿਹੜੇ ਠੇਕੇਦਾਰ ਨੂੰ ਤੁਸੀਂ ਕੰਮ 'ਤੇ ਲਗਾਉਂਦੇ ਹੋ ਉਹ ਲਾਇਸੈਂਸਸ਼ੁਦਾ ਹੈ ਅਤੇ ਕਾਨੂੰਨੀ ਤੌਰ 'ਤੇ ਜਾਇਜ਼ ਹੈ।

ਇਹ ਯਕੀਨੀ ਬਣਾਉਣ ਲਈ ਕਿ PACE ਸੁਧਾਰਾਂ ਨੂੰ ਲਾਗੂ ਕਰਨ ਲਈ ਤੁਹਾਡੇ ਦੁਆਰਾ ਕੰਮ 'ਤੇ ਲਗਾਇਆ ਗਿਆ ਠੇਕੇਦਾਰ ਰਾਜ ਦੇ ਕਾਨੂੰਨ ਦੀ ਪਾਲਣਾ ਕਰਦਾ ਹੈ, ਕੰਟਰੈਕਟਰ ਸਟੇਟ ਲਾਇਸੈਂਸਿੰਗ ਬੋਰਡ (Contractor State Licensing Board) ਦੀ ਵੈਬਸਾਈਟ ਦੀ ਵਰਤੋਂ ਕਰੋ। ਤੁਸੀਂ ਠੇਕੇਦਾਰ ਦੇ ਲਾਇਸੈਂਸ ਦੀ ਸਥਿਤੀ ਨੂੰ ਇੱਥੇ ਜਾਂਚ ਸਕਦੇ ਹੋ **www.cslb.ca.gov**

## ਜਦੋਂ ਤੱਕ ਕੰਮ ਪੂਰਾ ਨਹੀਂ ਹੁੰਦਾ, ਠੇਕੇਦਾਰ ਦੇ ਕੰਮ ਦੀ ਤਸਦੀਕ ਕਰਦੇ ਕਿਸੇ ਵੀ ਦਸਤਾਵੇਜ਼ ਉੱਪਰ ਦਸਤਖਤ ਨਾ ਕਰੋ।

ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਠੇਕੇਦਾਰ ਦੁਆਰਾ PACE ਕਰਜ਼ ਤੋਂ ਭੁਗਤਾਨ ਪ੍ਰਾਪਤ ਕਰਨ ਤੋਂ ਪਹਿਲਾਂ ਕੰਮ ਪੂਰਾ ਕਰ ਲਿਆ ਜਾਂਦਾ ਹੈ। ਇਹ ਯਕੀਨੀ ਬਣਾਓ ਕਿ ਕੰਮ ਅਸਲ ਵਿਚ ਪੂਰਾ ਕਰ ਦਿੱਤਾ ਗਿਆ ਹੈ ਅਤੇ ਕੰਮ ਪੂਰਾ ਕਰਨ ਦੇ ਕਿਸੇ ਪ੍ਰਮਾਣ ਪੱਤਰ ਉੱਪਰ ਦਸਤਖਤ ਕਰਨ ਤੋਂ ਪਹਿਲਾਂ ਦੇਖੋ ਕਿ ਕੀਤੇ ਗਏ ਸੁਧਾਰ ਕੰਮ ਕਰਦੇ ਹਨ। ਇਹ ਯਕੀਨੀ ਬਣਾਓ ਕਿ ਤੁਸੀਂ ਦਸਤਖਤ ਕੀਤੇ ਗਏ ਕਿਸੇ ਵੀ ਦਸਤਾਵੇਜ਼ ਦੀਆਂ ਕਾਪੀਆਂ ਪ੍ਰਾਪਤ ਕਰਦੇ ਹੋ।

## ਕੈਲੀਫ਼ੋਰਨੀਆ ਡਿਪਾਰਟਮੈਂਟ ਆਫ਼ ਫਾਇਨਾਨਸ਼ਿਅਲ ਪ੍ਰੋਟੈਕਸ਼ਨ ਐਂਡ ਇਨੋਵੇਸ਼ਨ (Department of Financial Protection and Innovation, DFPI) ਦੁਆਰਾ ਵਧੀਕ ਉਪਭੋਗਤਾ ਸੁਰੱਖਿਆਵਾਂ ਅਤੇ ਰੈਗੂਲੇਸ਼ਨ।

ਵਧੀਕ ਉਪਭੋਗਤਾ ਸੁਰੱਖਿਆਵਾਂ 2018 ਅਤੇ 2019 ਵਿਚ ਪ੍ਰਭਾਵੀ ਹੋ ਗਈਆਂ, ਜਿਨ੍ਹਾਂ ਵਿਚ ਇਹ ਲੋੜਾਂ ਵੀ ਸ਼ਾਮਲ ਸਨ ਕਿ PACE ਕਰਜ਼ਦਾਤਾ ਘਰਾਂ ਦੇ ਮਾਲਕਾਂ ਦੀ ਕਰਜ਼ ਦਾ ਵਾਪਸੀ ਭੁਗਤਾਨ ਕਰਨ ਦੀ ਸਮਰੱਥਾ ਵਿਚਾਰਦੇ ਹਨ, ਕਰਜ਼ ਦੇਣ ਤੋਂ ਪਹਿਲਾਂ ਕਰਜ਼ ਲੈਣ ਵਾਲੇ ਨਾਲ ਕਾਲ ਕਰਕੇ ਸ਼ਰਤਾਂ ਦਾ ਪੁਸ਼ਟੀਕਰਣ ਕਰਦੇ ਹਨ, ਕਰਜ਼ ਦੇ ਬਾਰੇ ਵਧੀਕ ਖੁਲਾਸੇ ਪ੍ਰਦਾਨ ਕਰਦੇ ਹਨ ਅਤੇ ਜੇ ਕਰਜ਼ ਬਾਰੇ ਕਰਜ਼ ਲੈਣ ਵਾਲੇ ਨਾਲ ਮੁੱਢਲੀ ਭਾਸ਼ਾ (ਸਪੈਨਿਸ਼, ਚਾਈਨੀਜ਼, ਟੈਗਾਲੋਗ, ਵੀਅਤਨਾਮੀ, ਅਤੇ ਕੋਰੀਆਈ ਭਾਸ਼ਾ ਵਾਲਿਆਂ ਲਈ) ਵਿਚ ਗੱਲਬਾਤ ਹੋਈ ਹੈ ਤਾਂ ਕਰਜ਼ ਦੇ ਦਸਤਾਵੇਜ਼ਾਂ ਦਾ ਅਨੁਵਾਦ ਕਰਦੇ ਹਨ। 1 ਜਨਵਰੀ 2019 ਨੂੰ ਜਾਂ ਇਸ ਤੋਂ ਬਾਅਦ ਦਿੱਤੇ ਗਏ ਕਰਜ਼ਿਆਂ ਲਈ DFPI PACE ਪ੍ਰੋਗਰਾਮਾਂ ਦੇ ਵਿਰੁੱਧ ਸ਼ਿਕਾਇਤਾਂ ਦੀ ਜਾਂਚ ਕਰੇਗੀ, ਅਤੇ ਇਸ ਨਾਲ 1-866-275-2677 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਸ਼ਿਕਾਇਤਾਂ ਇੱਥੇ ਆਨਲਾਈਨ ਦਾਖਲ ਕੀਤੀਆਂ ਜਾ ਸਕਦੀਆਂ ਹਨ **https://docqnet.dfpi.ca.gov/complaint-pace/**
ਉਪਭੋਗਤਾ ਵਕੀਲ ਵੀ PACE ਰੈਸਟੀਚਿਊਸ਼ਨ ਫੰਡ ਤਿਆਰ ਕਰਨ ਲਈ ਜ਼ੋਰ ਪਾ ਰਹੇ ਹਨ ਤਾਂ ਜੋ PACE ਦੁਆਰਾ ਹਾਨੀ ਪਹੁੰਚਾਏ ਗਏ ਘਰਾਂ ਦੇ ਉਨ੍ਹਾਂ ਮਾਲਕਾਂ ਦੀ ਮਦਦ ਕੀਤੀ ਜਾ ਸਕੇ, ਜਿਨ੍ਹਾਂ ਕੋਲ ਕੋਈ ਹੋਰ ਰਸਤਾ ਨਹੀਂ ਹੈ।